Get report from SE(B) after compliance

ਅ:ਧ.ਸ.ਪ.ਨੰ:
D.O. No. 7
Dated 26.4.17
ਕਮਿਸ਼ਨਰ
ਨਗਰ ਨਿਗਮ, ਬਠਿੰਡਾ
Commissioner
Municipal Corporation, Bathinda.
ਟੈਲੀਫੋਨ ਨੰ:
Tele No.: 0164-2252812

(17)

| ਅਨਿਲ ਕੁਮਾਰ ਗਰਗ,<br>ਪੀ.ਸੀ.ਐਸ. |
|---|

ਵਿਸ਼ਾ: ਬਠਿੰਡਾ ਸ਼ਹਿਰ ਵਿਖੇ ਪਾਣੀ ਅਤੇ ਸੀਵਰੇਜ਼ ਦੀ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾ ਰਹੀ ਮੈਨਟੀਨੈਂਸ ਦੀ ਕਾਰਗੁਜ਼ਾਰੀ ਨਾ-ਤਸੱਲੀਬਖਸ਼ ਹੋਣ ਸਬੰਧੀ।

Respected Sir

ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਮਿਤੀ 23.04.2017 ਦੀ ਰਾਤ ਨੂੰ ਬਠਿੰਡਾ ਸ਼ਹਿਰ ਵਿਖੇ ਮਹਿਜ ਅੱਧਾ ਘੰਟਾ ਬਰਸਾਤ ਹੋਣ ਉਪਰੰਤ ਸ਼ਹਿਰ ਦੇ ਸਾਰੇ ਮੇਨ ਇਲਾਕਿਆਂ ਜਿਵੇਂ ਕਿ ਪਾਵਰ ਹਾਊਸ ਰੋਡ, ਸਿਰਕੀ ਬਾਜਾਰ ਅਤੇ ਵੀਰ ਕਲੋਨੀ ਆਦਿ ਵਿੱਚ ਪਾਣੀ ਭਰ ਗਿਆ। ਇਸਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਤ੍ਰਿਵੇਣੀ ਕੰਪਨੀ ਵੱਲੋਂ ਮੈਨਟੀਨੈਂਸ ਦਾ ਕੰਮ ਠੀਕ ਤਰੀਕੇ ਨਾਲ ਨਹੀਂ ਕੀਤਾ ਜਾ ਰਿਹਾ।

ਨਿਮਨ ਹਸਤਾਖਰ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਅਤੇ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨਾਲ ਵਾਰ-ਵਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਹਨਾਂ ਨੂੰ ਸ਼ਹਿਰ ਦੇ ਸ਼ਹਿਰ ਦੇ ਸਾਰੇ ਸੀਵਰ ਦੀ ਡੀ-ਸਿਲਟਿੰਗ ਅਤੇ ਰੋਡ ਜਾਲੀਆਂ ਸਾਫ ਕਰਨ ਲਈ ਕਿਹਾ ਜਾ ਰਿਹਾ ਹੈ।

ਇਸ ਸਬੰਧੀ ਇੱਕ ਮੀਟਿੰਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਵੀ ਕੀਤੀ ਗਈ, ਜਿਸ ਵਿੱਚ ਉਹਨਾਂ ਵੱਲੋਂ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਡੀ-ਸਿਲਟਿੰਗ ਦਾ ਸ਼ਡਿਊਲ ਦੇਣ ਬਾਰੇ ਕਿਹਾ। ਇਸ ਸ਼ਡਿਊਲ ਅਨੁਸਾਰ ਮਿਤੀ 31.05.2017 ਤੱਕ ਸਾਰੇ ਸ਼ਹਿਰ ਦੀਆਂ ਰੋਡ ਜਾਲੀਆਂ ਅਤੇ ਸੀਵਰ ਡੀ-ਸਿਲਟਿੰਗ ਕਰਨ ਲਈ ਕਿਹਾ ਗਿਆ। ਪਰ ਤ੍ਰਿਵੇਣੀ ਕੰਪਨੀ ਵੱਲੋਂ ਡੀ-ਸਿਲਟਿੰਗ ਦਾ ਸ਼ਡਿਊਲ ਤਾਂ ਦੇ ਦਿੱਤਾ ਗਿਆ, ਪਰ ਸ਼ਡਿਊਲ ਅਨੁਸਾਰ ਮੌਕੇ ਤੇ ਸੀਵਰੇਜ਼ ਅਤੇ ਰੋਡ ਜਾਲੀਆਂ ਦੀ ਡੀ-ਸਿਲਟਿੰਗ ਨਹੀਂ ਕੀਤੀ ਜਾ ਰਹੀ। ਜ਼ਿਕਰਯੋਗ ਹੈ ਕਿ ਬਠਿੰਡਾ ਵਿਖੇ ਸਟਾਰਮ ਸੀਵਰ ਨਾ ਹੋਣ ਕਾਰਨ ਬਰਸਾਤਾਂ ਦਾ ਪਾਣੀ ਡੋਮੈਸਟਿਕ ਸੀਵਰ ਨਾਲ ਜੋੜਿਆ ਹੋਇਆ ਹੈ ਅਤੇ ਜੇਕਰ ਸੀਵਰ ਨੂੰ ਡੀ-ਸਿਲਟ ਨਹੀਂ ਕੀਤਾ ਜਾਂਦਾ ਤਾਂ ਬਰਸਾਤਾਂ ਦੌਰਾਨ ਸ਼ਹਿਰ ਵਿੱਚ ਪਾਣੀ ਭਰਨਾ ਯਕੀਨੀ ਹੈ, ਜਿਸ ਨਾਲ ਲੋਕਾਂ ਨੂੰ ਬਹੁਤ ਜਿਆਦਾ ਨੁਕਸਾਨ ਹੋਣ ਦਾ ਖਤਰਾ ਹੈ। ਇੱਥੇ ਇਹ ਵੀ ਦਸਣਾ ਯੋਗ ਹੋਵੇਗਾ ਕਿ ਬਠਿੰਡਾ ਸ਼ਹਿਰ ਵਿੱਚ ਮਿਤੀ 21.04.2017 ਤੱਕ 257 ਸੀਵਰੇਜ਼ ਦੀਆਂ ਅਤੇ 64 ਵਾਟਰ ਸਪਲਾਈ ਸਬੰਧੀ ਸ਼ਿਕਾਇਤਾਂ ਪੈਡਿੰਗ ਹਨ। ਇਸਤੋਂ ਭਲੀ ਭਾਂਤੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾ ਰਹੀ ਮੈਨਟੀਨੈਂਸ ਦਾ ਕਿੰਨਾ ਮਾੜਾ ਹਾਲ ਹੈ।

ਉਕਤ ਤੋਂ ਇਲਾਵਾ ਅੱਜ ਮਿਤੀ 24.04.2017 ਨੂੰ ਸਵੇਰੇ 5.30 ਵਜੇ ਮੌਕੇ ਪਰ ਡਿਸਪੋਜ਼ਲਾਂ ਤੇ ਲਗੀਆਂ ਮੋਟਰਾਂ ਤੇ ਰਾਊਂਡ ਲਗਾਇਆ ਗਿਆ, ਤਾਂ ਪਾਇਆ ਕਿ ਨਾਂ ਤਾਂ ਪਾਵਰ ਹਾਊਸ ਰੋਡ ਵਾਲੇ ਪੰਪਿੰਗ ਸਟੇਸ਼ਨ ਵਾਲੀ ਮੋਟਰ ਚੱਲ ਰਹੀ ਸੀ ਅਤੇ ਨਾ ਹੀ ਸਿਰਕੀ ਬਾਜ਼ਾਰ ਵਾਲੀ, ਜੋ ਕਿ ਬਰਸਾਤਾਂ ਤੋਂ ਤੁਰੰਤ ਬਾਅਦ ਚਲਣੀਆਂ ਜਰੂਰੀ ਹਨ। ਕਿਉਂਕਿ ਇਹਨਾਂ ਦੇ ਚਲਣ ਨਾਲ ਹੀ ਪਾਵਰ ਹਾਊਸ ਰੋਡ ਤੇ ਸਿਰਕੀ ਬਾਜ਼ਾਰ ਵਿੱਚੋਂ ਪਾਣੀ ਕੱਢਿਆ ਜਾ ਸਕਦਾ ਹੈ।

ਇਹ ਵੀ ਦਸਣਯੋਗ ਹੈ ਕਿ ਜੱਦ ਵੀ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਨੂੰ ਮੇਨ ਸੀਵਰ ਸਾਫ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹਨਾਂ ਵੱਲੋਂ ਇਹ ਕਹਿ ਕੇ ਕੰਮ ਨਹੀਂ ਕੀਤਾ ਜਾਂਦਾ ਕਿ ਇਹ ਕੰਮ ਤਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੀਤਾ ਜਾਵੇਗਾ ਅਤੇ ਜਦੋਂ ਇਸ ਸਬੰਧੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਸ਼ਹਿਰ ਵਿੱਚ ਸੀਵਰੇਜ਼ ਅਤੇ ਪਾਣੀ ਦੀ ਮੈਨਟੀਨੈਂਸ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾਵੇਗੀ। ਇਸੇ ਜਦੋ-ਜਹਿਦ ਵਿੱਚ ਸ਼ਹਿਰ ਦਾ ਸੀਵਰ ਪਿਛਲੇ ਡੇਢ ਸਾਲ ਤੋਂ ਸਾਫ ਹੋਣ ਤੋਂ ਰਹਿ ਰਿਹਾ ਹੈ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਮੱਸਿਆ ਨੂੰ ਤੁਰੰਤ ਹੱਲ ਕਰਵਾਇਆ ਜਾਵੇ, ਤਾਂ ਜੋ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਸਾਰੇ ਸ਼ਹਿਰ ਦਾ ਸੀਵਰ ਅਤੇ ਰੋਡ ਜਾਲੀਆਂ ਦੀ ਡੀ-ਸਿਲਟਿੰਗ ਚੰਗੇ ਢੰਗ ਨਾਲ ਕਰਵਾਈ ਜਾ ਸਕੇ। ਨਾਲ ਹੀ ਸਾਰੇ ਪੰਪਿੰਗ ਸਟੇਸ਼ਨਾਂ ਦੀਆਂ ਮੋਟਰਾਂ ਅਤੇ ਜੈਨਰੇਟਰਾਂ ਦੀ ਰਿਪੇਅਰ ਸਮੇਂ ਸਿਰ ਕਰਵਾ ਕੇ ਉਹਨਾਂ ਨੂੰ ਚਾਲੂ ਹਾਲਤ ਵਿੱਚ ਰੱਖਿਆ ਜਾਵੇ ਅਤੇ round the clock ਪੰਪ ਆਪਰੇਟਰਾਂ ਦੀ ਡਿਊਟੀ ਲਗਾਈ ਜਾਵੇ, ਤਾਂ ਜੋ ਸਮੇਂ ਸਿਰ ਇੰਨ੍ਹਾਂ ਮੋਟਰਾਂ ਨੂੰ ਚਲਾਇਆ ਜਾ ਸਕੇ । ਜੇਕਰ ਤ੍ਰਿਵੇਣੀ ਕੰਪਨੀ ਵੱਲੋਂ ਉਕਤ ਕੰਮ ਮਿਤੀ ਬੱਧ ਤਰੀਕੇ ਨਾਲ ਨਹੀਂ ਕੀਤੇ ਜਾਂਦੇ ਤਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਰਿਸਕ ਐਂਡ ਕਾਸਟ ਤੇ ਇਹ ਕੰਮ ਕਰਵਾਏ ਜਾਣ, ਤਾਂ ਜੋ ਸ਼ਹਿਰ ਵਿੱਚ ਬਰਸਾਤੀ ਪਾਣੀ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ।

ਮੈਂ ਆਪਜੀ ਦਾ ਅਤਿ ਧੰਨਵਾਦੀ ਹੋਵਾਂਗਾ ਜੇਕਰ ਆਪ ਉਕਤ ਸਬੰਧੀ ਜਲਦ ਤੋਂ ਜਲਦ ਕਾਰਵਾਈ ਕਰਵਾਉਣ ਦੀ ਖੇਚਲਾ ਕਰੋਗੇ ਜੀ।

(ਅਨਿਲ ਕੁਮਾਰ ਗਰਗ)

ਸ਼੍ਰੀ ਜੇ.ਐਮ.ਬਾਲਾਮੁਰੁਗਨ, ਆਈ.ਏ.ਐਸ.
ਚੀਫ ਐਗਜ਼ੀਕਿਊਟਿਵ ਅਫਸਰ
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਚੰਡੀਗੜ੍ਹ।

ਪਿੱਠ ਅੰਕਣ ਨੰ: ਮਿਤੀ:
ਉਪਰੋਕਤ ਦਾ ਉਤਾਰਾ:-

1. ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
3. ਚੀਫ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਚੰਡੀਗੜ੍ਹ।
4. ਪੀ.ਟੂ. ਵਿੱਤ ਮੰਤਰੀ, ਪੰਜਾਬ, ਚੰਡੀਗੜ੍ਹ ਪਾਸ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਨੂੰ ਸੂਚਿਤ ਕਰਨ ਖਾਤਰ।
5. ਮੇਅਰ ਸਾਹਿਬ, ਨਗਰ ਨਿਗਮ, ਬਠਿੰਡਾ।
   ਪਾਸ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ਜੀ।
6. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਅਣਗਹਿਲੀ ਕਾਰਨ ਮੋਟਰਾਂ ਨਹੀਂ ਚਲਾਈਆਂ ਗਈਆਂ, ਉਹਨਾਂ ਖਿਲਾਫ ਬਣਦੀ ਕਾਰਵਾਈ ਕਰਕੇ ਨਿਮਨ ਹਸਤਾਖਰ ਨੂੰ ਜਾਣੂ ਕਰਵਾਇਆ ਜਾਵੇ।

ਕਮਿਸ਼ਨਰ
ਨਗਰ ਨਿਗਮ,ਬਠਿੰਡਾ।

D:\Endst Eng.doc

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2017/ਵ-2/ 8423-24 ਮਿਤੀ: 12/5/17

ਉਪਰੋਕਤ ਦੀ ਨਕਲ ਹੇਠ ਲਿਖੀਆਂ ਨੂੰ :-

1. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਬਠਿੰਡਾਂ
2. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ, ਨੰ: 1, ਬਠਿੰਡਾ

ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮਾਮਲੇ ਸਬੰਧੀ ਕਾਰਵਾਈ ਕੀਤੀ ਜਾਵੇ ਅਤੇ ਇਸ ਸਬੰਧੀ ਕੀਤੀ ਪਾਲਣਾ ਰਿਪੋਰਟ ਬਿਨ੍ਹਾਂ ਕਿਸੇ ਦੇਰੀ ਤੋਂ ਇਸ ਦਫਤਰ ਨੂੰ ਭੇਜੇ ਜਾਣਾ ਯਕੀਨੀ ਬਣਾਇਆ ਜਾਵੇ।

ਸ/ ਕਾਰਜਕਾਰੀ ਇੰਜੀਨੀਅਰ (O&M)